# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ

## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ(ਪਿਕਟਸ)

ਵਿੱਦਿਆ ਭਵਨ,ਈ ਬਲਾਕ, ਪੰਜਵੀਂ ਮੰਜਿਲ, ਮੋਹਾਲੀ

ਫੋਨ ਨੰ:0172-5212319/ ਫੈਕਸ ਨੰ: 0172-5212313, E-mail: hoicttech@gmail.com

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਸੈ:ਸਿ),
ਪੰਜਾਬ।

ਮੀਮੋ ਨੰ:- 3/1-ICT/2014-15/HW/Ph-1/ewaste/2017 96 40 ਮਿਤੀ :- 08.09.17

**ਵਿਸ਼ਾ - ਆਈ.ਸੀ.ਟੀ. ਫੇਜ਼-1 ਅਤੇ 2 ਅਧੀਨ ਕਵਰ 2881 ਅੱਪਰ ਪ੍ਰਾਇਮਰੀ ਸਕੂਲਾਂ ਦੀਆਂ ਕੰਪਿਊਟਰ ਲੈਬਾਂ ਵਿੱਚੋਂ ਪੁਰਾਣੇ ਕੰਪਿਊਟਰ ਪ੍ਰਾਇਮਰੀ ਸਕੂਲਾਂ ਵਿੱਚ ਸ਼ਿਫਟ ਕਰਨ ਸੰਬਧੀ।**

1 ਉਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਈ.ਸੀ.ਟੀ. ਫੇਜ਼-1 ਅਤੇ 2 ਅਧੀਨ ਕਵਰ ਕੀਤੇ ਸਕੂਲਾਂ (ਜਿਨ੍ਹਾਂ ਸਕੂਲਾਂ ਵਿੱਚ ਐਜੂਸੈਟ ਈ-ਲਾਇਬ੍ਰੇਰੀਆਂ ਉਪਲਬਧ ਹਨ) ਦੀਆਂ ਕੰਪਿਊਟਰ ਲੈਬਾਂ ਦੇ ਪੁਰਾਣੇ ਕੰਪਿਊਟਰਾਂ ਨੂੰ ਪ੍ਰਾਇਮਰੀ ਸਕੂਲਾਂ ਵਿੱਚ ਸਿਫ਼ਟ ਕਰਨ ਲਈ ਕਲੱਸਟਰ ਪ੍ਰਿੰਸੀਪਲਾਂ ਦੀ ਡਿਊਟੀ ਲਗਾਉਦੇ ਹੋਏ ਹੇਠ ਅਨੁਸਾਰ ਹਦਾਇਤਾ ਜ਼ਾਰੀ ਕੀਤੀਆਂ ਜਾ ਰਹੀਆ ਹਨ-

- ਆਈ.ਸੀ.ਟੀ. ਫੇਜ਼-1 ਅਤੇ 2 ਦੇ ਸਕੂਲਾਂ ਦੀਆਂ ਲੈਬਜ਼ ਵਿਚਲੇ ਖ਼ਰਾਬ ਪਏ ਪੁਰਾਣੇ ਕੰਪਿਊਟਰਾਂ ਨੂੰ ਹਾਰਡਵੇਅਰ ਪਾਰਟਸ ਦੀ ਅਦਲਾ ਬਦਲੀ ਕਰਕੇ ਠੀਕ ਕਰਵਾ ਲਏ ਜਾਣ ਪ੍ਰੰਤੂ ਇਹ ਯਕੀਨੀ ਬਣਾਇਆ ਜਾਵੇ ਕੇ ਕੋਈ ਵੀ ਖ਼ਰਾਬ ਪਾਰਟਸ ਗੁੰਮ ਨਾ ਹੋਵੇ। ਕੰਪਿਊਟਰ ਰਿਪੇਅਰ ਦੋ ਦਿਨ ਵਿੱਚ ਕਰਵਾ ਲਈ ਜਾਵੇ ।ਜਿਸ ਦਾ ਲੇਬਰ ਖਰਚਾ 1500/- ਰੁਪਏ ਪ੍ਰਤੀ ਸਕੂਲ ਦੇ ਹਿਸਾਬ ਨਾਲ ਜ਼ਾਰੀ ਕੀਤੇ ਗਏ ਹਨ।
- ਜਿਨ੍ਹਾਂ ਸਕੂਲਾਂ ਵਿਖੇ ਕੰਪਿਊਟਰਾਂ ਦੀ ਗਿਣਤੀ ਘੱਟ ਹੈ, ਉਹ ਸਕੂਲ ਕੰਪਿਊਟਰਾਂ ਦੀ ਰਿਪੇਅਰ ਇੱਕ ਦਿਨ ਵਿੱਚ ਕਰਵਾਉਣ ਦੀ ਕੋਸ਼ਿਸ਼ ਕਰਨ ਤਾਂ ਜ਼ੋ ਖਰਚੇ ਨੂੰ ਘਟਾਇਆ ਜਾ ਸਕੇ।
- ਆਈ.ਸੀ.ਟੀ. ਫੇਜ਼-1 ਅਤੇ 2 ਦੇ ਸਾਰੇ ਸਕੂਲ ਰਿਪੇਅਰ ਉਪਰੰਤ ਚਲਦੇ ਕੰਪਿਊਟਰਾਂ ਦੀ ਸੂਚਨਾ ਆਪਣੇ ਕਲੱਸਟਰ ਸਕੂਲ ਦੇ ਪ੍ਰਿੰਸੀਪਲ ਨੂੰ ਭੇਜਣਗੇ।
- ਕਲੱਸਟਰ ਸਕੂਲ ਦੇ ਪ੍ਰਿੰਸੀਪਲ ਸਾਰੇ ਸਕੂਲਾਂ ਤੋਂ ਪ੍ਰਾਪਤ ਸੂਚਨਾ ਦੇ ਆਧਾਰ ਤੇ ਪ੍ਰਾਇਮਰੀ ਸਕੂਲਾਂ ਨੂੰ ਇੱਕ ਇੱਕ ਕੰਪਿਊਟਰ ਦੇਣ ਦਾ ਪਲਾਨ ਬਣਾ ਕੇ ਸਬੰਧੰਤ ਸਕੂਲਾਂ ਨੂੰ ਕੰਪਿਊਟਰ ਸਿਫ਼ਟ ਕਰਨ ਦੀ ਹਦਾਇਤ ਜ਼ਾਰੀ ਕਰਨਗੇ। ਪਲਾਨ ਇਸ ਤਰ੍ਹਾਂ ਤਿਆਰ ਕੀਤਾ ਜਾਵੇ ਕਿ ਜਿਸ ਹਾਈ/ਸੈਕੰਡਰੀ ਸਕੂਲ ਤੋਂ ਪ੍ਰਾਇਮਰੀ ਸਕੂਲ ਵਿਖੇ ਕੰਪਿਊਟਰ ਸ਼ਿਫਟ ਕੀਤੇ ਜਾਣੇ ਹਨ ਉਨ੍ਹਾਂ ਦੀ ਆਪਸ ਵਿੱਚ ਦੂਰੀ ਜ਼ਿਆਦਾ ਨਾ ਹੋਵੇ।
- ਪ੍ਰਾਇਮਰੀ ਸਕੂਲ ਵਿੱਚ ਕੰਪਿਊਟਰ ਸ਼ਿਫਟ ਕਰਨ ਦੀ ਜ਼ਿੰਮੇਵਾਰੀ ਦੋਨਾਂ ਸਕੂਲਾਂ ਦੇ ਮੁੱਖੀਆਂ ਦੀ ਹੋਵੇਗੀ।ਜੇਕਰ ਕਿਸੇ ਕਲੱਸਟਰ ਵਿੱਚ ਚਲਦੇ ਕੰਪਿਊਟਰ ਬਾਕੀ ਰਹਿ ਜਾਂਦੇ ਹਨ ਤਾਂ ਉਹ ਆਪਣੇ ਨੇੜਲੇ ਕਲੱਸਟਰ ਨਾਲ ਰਾਬਤਾ ਕਾਇਮ ਕੀਤਾ ਜਾਵੇ ਤਾਂ ਜ਼ੋ ਕਿਸੇ ਕਲੱਸਟਰ ਵਿੱਚ ਕੰਪਿਊਟਰ ਘਟਦੇ ਹੋਣ ਦੀ

ਸੂਰਤ ਵਿੱਚ ਪੂਰੇ ਕੀਤੇ ਜਾ ਸਕਣ ਅਤੇ ਨੇੜਲੇ ਕਲੱਸਟਰਾਂ ਵਿੱਚ ਕੰਪਿਊਟਰ ਪੂਰੇ ਹੋਣ ਦੀ ਸੂਰਤ ਵਿੱਚ ਆਪਣੇ ਕਲੱਸਟਰ ਦੇ ਵੱਡੇ ਪ੍ਰਾਇਮਰੀ ਸਕੂਲਾਂ ਵਿਖੇ ਸ਼ਿਫਟ ਕਰ ਦਿੱਤੇ ਜਾਣ।

2 ਜੇਕਰ ਆਈ.ਸੀ.ਟੀ. ਫੇਜ਼-1 ਅਤੇ 2 ਅਧੀਨ ਕਵਰ ਕੀਤੇ ਸਕੂਲ ਵਿੱਚ ਐਜੂਸੈਟ ਈ-ਲਾਇਬ੍ਰੇਰੀ ਦਾ ਹਾਰਡਵੇਅਰ ਚੋਰੀ ਹੋਣ ਕਾਰਣ ਆਈ.ਸੀ.ਟੀ ਲੈਬ ਦੀ ਵਰਤੋਂ ਕੀਤੀ ਜਾ ਰਹੀ ਹੈ ਤਾਂ ਹਾਲ ਦੀ ਘੜੀ ਕੰਪਿਊਟਰ ਸ਼ਿਫਟ ਨਾ ਕਰਵਾਏ ਜਾਣ।

3 ਸ਼ਿਫ਼ਟਿੰਗ ਦੀ ਸਾਰੀ ਕਾਰਵਾਈ 10 ਦਿਨਾਂ ਦੇ ਅੰਦਰ ਅੰਦਰ ਪੂਰੀ ਕਰਕੇ ਜਿਲ੍ਹਾ ਸਿੱਖਿਆ ਅਫ਼ਸਰ(ਸੈ:ਸਿ) ਨੂੰ ਨਾਲ ਨੱਥੀ ਪ੍ਰਫ਼ਾਰਮੇ ਵਿੱਚ ਸੂਚਨਾਂ ਭੇਜਣੀ ਯਕੀਨੀ ਬਣਾਈ ਜਾਵੇ ਅਤੇ ਜਿਲ੍ਹਾ ਸਿੱਖਿਆ ਅਫ਼ਸਰ(ਸੈ:ਸਿ) ਇਹ ਰਿਪੋਰਟ ਕੰਪਾਇਲ ਕਰਕੇ ਤਰੁੰਤ ਮੁੱਖ ਦਫ਼ਤਰ ਵਿਖੇ ਭੇਜਣਗੇ।

4 ਜਿਲ੍ਹਾ ਸਿੱਖਿਆ ਅਫ਼ਸਰਾਂ (ਸੈ:ਸਿ) ਵੱਲੋਂ ਜਿਲ੍ਹਾ ਵਾਇਜ਼ ਜ਼ਾਰੀ ਕੀਤੇ ਜਾ ਰਹੇ ਫ਼ੰਡਾਂ ਦਾ ਵਰਤੋਂ ਸਰਟੀਫਿਕੇਟ ਅਤੇ ਅਣਵਰਤੇ ਫ਼ੰਡ ਇਸ ਦਫ਼ਤਰ ਨੂੰ 30 ਦਿਨ ਦੇ ਅੰਦਰ-ਅੰਦਰ ਭੇਜਣਾ ਯਕੀਨੀ ਬਣਾਇਆ ਜਾਵੇ।

5 ਉਕਤ ਸਾਰੀ ਕਾਰਵਾਈ ਦੀ ਨਿਗਰਾਨੀ ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ) ਅਤੇ ਜਿਲ੍ਹਾ ਸਿੱਖਿਆ ਅਫ਼ਸਰ (ਐ:ਸਿ) ਕਰਨਗੇ।

6 ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

ਪਿੰ:ਅੰ:ਨੰ:- ਉਕਤ ਦਾ ਉਤਾਰ

ਮਿਤੀ:08.09.17

1 ਡੀ.ਪੀ.ਆਈ(ਐ.ਸਿ) ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ।
2 ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਐ:ਸਿ) ਨੂੰ ਸੂਚਨਾਂ ਅਤੇ ਪ੍ਰਾਇਮਰੀ ਸਕੂਲਾਂ ਨੂੰ ਲੋੜੀਦੀਂਆਂ ਹਦਾਇਤਾ ਜ਼ਾਰੀ ਕਰਨ ਹਿੱਤ।
3 ਉਪਰੋਕਤ ਦਾ ਉਤਾਰਾ ਸਮੂਹ ਆਈ.ਸੀ.ਟੀ. ਸਰਕਲ ਪ੍ਰੋਜੈਕਟ ਕੁਆਰਡੀਨੇਟਰਾਂ, ਪੰਜਾਬ ਨੂੰ ਭੇਜ਼ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਸ਼ਿਫ਼ਟਿੰਗ ਸੰਬਧੀ ਸਕੂਲਾਂ ਨੂੰ ਲੋੜੀਦੀਂ ਸਹਾਇਤਾ ਕੀਤੀ ਜਾਵੇ ਅਤੇ ਸੂਚਨਾ ਇਸ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

8/9/17

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

## Information regarding shifting of old Computers from Schools covered under ICT Phase-1 & 2 to Primary Schools

| S.No | District | School Name (ICT Phase-1 &2) | Udise Code | ICT Phase | Total no. of Computers in ICT Lab | No. of Working Computers | No. of Computer Shifted to Primary School | S.No | Name of Primary School | Udise Code | No. of Computers received |
|---|---|---|---|---|---|---|---|---|---|---|---|
| 1* | XYZ | GSSS A | xxxxxxxx | 1 | 8 | 5 | 5 | 1 | GPS B | xxxxxxxx | 1 |
| | | | | | | | | 2 | GPS C | xxxxxxxx | 1 |
| | | | | | | | | 3 | GPS D | xxxxxxxx | 1 |
| | | | | | | | | 4 | GPS E | xxxxxxxx | 1 |
| | | | | | | | | 5 | GPS F | xxxxxxxx | 1 |

* For example- 5 working computers out of total 8 in GSSS A of District XYZ shifted in 5 Primary Schools

**Payment for Repair of Old Computer in Labs of Schools covered under ICT Phase-1 & 2**

| District | No. of Schools | Amount per School | Total Amount |
|---|---|---|---|
| Amritsar | 189 | 1500 | 283500 |
| Barnala | 72 | 1500 | 108000 |
| Bathinda | 159 | 1500 | 238500 |
| Faridkot | 71 | 1500 | 106500 |
| Fatehgarh | 74 | 1500 | 111000 |
| Fazilka | 92 | 1500 | 138000 |
| Ferozepur | 68 | 1500 | 102000 |
| Gurdaspur | 173 | 1500 | 259500 |
| hoshiarpur | 225 | 1500 | 337500 |
| Jalandhar | 239 | 1500 | 358500 |
| Kapurthala | 80 | 1500 | 120000 |
| Ludhiana | 298 | 1500 | 447000 |
| Mansa | 46 | 1500 | 69000 |
| Moga | 112 | 1500 | 168000 |
| Mohali | 65 | 1500 | 97500 |
| Muktsar | 97 | 1500 | 145500 |
| Nawashahr | 43 | 1500 | 64500 |
| Pathankot | 62 | 1500 | 93000 |
| Patiala | 139 | 1500 | 208500 |
| Ropar | 43 | 1500 | 64500 |
| Sangrur | 179 | 1500 | 268500 |
| TarnTaran | 121 | 1500 | 181500 |
| **Grand Total** | **2647** | **1500** | **3970500** |